# PUNJABI

## (2021-22)

## Code No - 104

## Class XII

ਪਰੀਖਿਆ ਲਈ ਸਮਾਂ — ਟਰਮ I (90 ਮਿੰਟ)
ਟਰਮ II (2 ਘੰਟੇ)

| | | |
|---|---|---|
| ਬਹੁ-ਵਿਕਲਪੀ ਪਰੀਖਿਆ - ਟਰਮ I (40 ਅੰਕ)<br>ਲਿਖਤੀ ਪਰੀਖਿਆ - ਟਰਮ II (40 ਅੰਕ) | 80 ਅੰਕ |
| ਆਂਤਰਿਕ ਮੁਲਾਂਕਣ — ਟਰਮ I (10 ਅੰਕ)<br>ਟਰਮ II (10 ਅੰਕ) | 20 ਅੰਕ |
| ਕੁੱਲ - 100 ਅੰਕ | |

ਸੀਨੀਅਰ ਸੈਕੰਡਰੀ ਪੱਧਰ 'ਤੇ ਪੰਜਾਬੀ ਪੜ੍ਹਨ ਵਾਲ਼ੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦਾ ਅਧਿਐਨ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਿਆ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾਅ ਵੀ ਉਹਨਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸੋ ਇਹ ਯਤਨ ਕੀਤਾ ਗਿਆ ਹੈ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਪ੍ਰਫੁਲਿਤ ਹੋ ਚੁੱਕੀ ਹੈ। ਜਿਸ ਸਦਕਾ ਵਿੱਦਿਆ ਦੇ ਖੇਤਰ ਵਿੱਚ ਸੰਸਾਰ ਪੱਧਰ ਦੀਆਂ ਭਾਸ਼ਾਵਾਂ ਨੇ ਜਿਵੇਂ-ਜਿਵੇਂ ਅੰਤਰਰਾਸ਼ਟਰੀ ਮੰਚ ਉੱਤੇ ਆਪਣਾ ਪ੍ਰਭਾਵ ਪਾਇਆ ਹੈ। ਉਸੇ ਤਰ੍ਹਾਂ ਪੰਜਾਬੀ ਭਾਸ਼ਾ ਨੇ ਵੀ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਨਾਲ਼ ਵਿਸ਼ਵੀਕਰਨ ਦੇ ਦੌਰ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ।

ਭਾਸ਼ਾ ਦੇ ਪ੍ਰਗਟਾਅ ਲਈ ਸੀ.ਬੀ.ਐੱਸ.ਈ. ਨੇ ਵੀ ਅਹਿਮ ਉਪਰਾਲਾ ਕਰਕੇ, ਪਾਠ-ਕ੍ਰਮ ਨੂੰ ਉਚੇਚੇ ਤੇ ਵਿਸ਼ੇਸ਼ ਢੰਗ ਨਾਲ਼ ਉਸ ਵਿੱਚ ਬਦਲਾਓ ਲਿਆਉਂਦੇ ਹੋਏ 20 **ਅੰਕਾਂ ਦੇ ਆਂਤਰਿਕ ਮੁਲਾਂਕਣ** ਨਾਲ਼ ਵਿਅਕਤੀਗਤ ਪੜਚੋਲ ਰਾਹੀਂ ਵਿਦਿਆਰਥੀ ਦੀ ਸ਼ਖ਼ਸ਼ੀਅਤ ਨੂੰ ਉਭਾਰਨ ਦਾ ਉਪਰਾਲਾ ਕੀਤਾ ਹੈ। 80 **ਅੰਕ** ਪਰੰਪਰਾ ਨੂੰ ਅੱਗੇ ਤੋਰਦੇ ਹੋਏ **ਲਿਖਤੀ ਪਰੀਖਿਆ** ਲਈ ਰਾਖਵੇਂ ਰੱਖੇ ਗਏ ਹਨ।

ਪੰਜਾਬੀ ਭਾਸ਼ਾ ਦਾ ਵਿਸ਼ੇਸ਼ ਦਰਜਾ ਹੋਣ ਕਰਕੇ ਵਿਦਿਆਰਥੀ ਦਾ **ਆਂਤਰਿਕ ਮੁਲਾਂਕਣ ਪਰੀਖਿਅਕ** ਵੱਲੋਂ ਕੀਤਾ ਜਾਣਾ ਜ਼ਰੂਰੀ ਹੈ।

(ਬਾਰ੍ਹਵੀਂ)

## 1. ਲਿਖਤੀ ਪਰੀਖਿਆ

**(Written Exam - 40+40=80 Marks)**

| ਇਕਾਈ /ਸਿੱਖਣ ਦਾ ਖੇਤਰ | ਟਰਮ I ਅੰਕ | ਟਰਮ II ਅੰਕ | ਪੀਰੀਅਡ |
|---|---|---|---|
| **ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | - | 8 | 10 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | - | 18 | 35 |
| (ੲ) ਵਿਆਕਰਨ | 14 | - | 30 |
| **ਸਾਹਿਤ** | 26 | 14 | 85 |

## 2. ਆਂਤਰਿਕ ਮੁਲਾਂਕਣ - 10+10=20 ਅੰਕ

**(Internal Assesment - 10-+10=20 Marks)**

| | ਟਰਮ I | ਟਰਮ II |
|---|---|---|
| | 10 ਅੰਕ | 10 ਅੰਕ |

# ਪੰਜਾਬੀ—104
## XII (ਬਾਰ੍ਹਵੀਂ)
## ਟਰਮ I ਪਰੀਖਿਆ ਲਈ ਪਾਠ-ਕ੍ਰਮ ਅਤੇ ਅੰਕ-ਵੰਡ (ਨਵੰਬਰ-ਦਸਬੰਰ 2021)

**ਕੁੱਲ ਅੰਕ 40**

### ਭਾਸ਼ਾ

**ਵਿਹਾਰਕ ਵਿਆਕਰਨ** — 14

**I. ਵਾਕ ਵਟਾਂਦਰਾ** *ਬਹੁ-ਵਿਕਲਪੀ ਪ੍ਰਸ਼ਨ (ਚੋਣ ਆਧਾਰਿਤ)* — (1X4)4

*(ਲਾਜ਼ਮੀ ਪੰਜਾਬੀ 12 ਪਾਠ-ਪੁਸਤਕ 'ਤੇ ਆਧਾਰਿਤ)*

**II. ਅਖਾਣ/ਅਖਾਉਂਤਾਂ** : *ਬਹੁ-ਵਿਕਲਪੀ ਪ੍ਰਸ਼ਨ (ਚੋਣ ਆਧਾਰਿਤ) 1 ਤੋਂ 40 ਤੱਕ* — (1X10)10

*(ਲਾਜ਼ਮੀ ਪੰਜਾਬੀ 12 ਪਾਠ-ਪੁਸਤਕ ਵਿੱਚ ਦਰਜ ਅਖਾਣ/ਅਖਾਉਤਾਂ 'ਤੇ ਆਧਾਰਿਤ)*

### ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ ਬਹੁ-ਵਿਕਲਪੀ ਚੋਣ ਅਧਾਰਿਤ) — 26

**I. ਕਵਿਤਾ ਆਧਾਰਿਤ ਪ੍ਰਸ਼ਨ** *ਬਹੁ-ਵਿਕਲਪੀ ਪ੍ਰਸ਼ਨ (ਚੋਣ ਆਧਾਰਿਤ)* — (1X6)6

**II. ਕਹਾਣੀ ਆਧਾਰਿਤ ਪ੍ਰਸ਼ਨ** *ਬਹੁ-ਵਿਕਲਪੀ ਪ੍ਰਸ਼ਨ (ਚੋਣ ਆਧਾਰਿਤ)* — (1X10)10

**III. ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** (ਭਾਗ ਆਧਾਰਿਤ ਪ੍ਰਸ਼ਨ)

*ਬਹੁ-ਵਿਕਲਪੀ ਪ੍ਰਸ਼ਨ (ਚੋਣ ਆਧਾਰਿਤ)* — (1X8)10

### *ਨਿਰਧਾਰਤ ਪੁਸਤਕ ਅਤੇ ਚੋਣਵੇਂ ਪਾਠ*

## ਲਾਜ਼ਮੀ ਪੰਜਾਬੀ 12 (ਕਵਿਤਾਵਾਂ)

(1) ਟੁਕੜੀ ਜੱਗ ਤੋਂ ਨਿਆਰੀ (ਭਾਈ ਵੀਰ ਸਿੰਘ)

(2) ਤਾਜ ਮਹਲ (ਪ੍ਰੋ. ਮੋਹਨ ਸਿੰਘ)

## ਲਾਜ਼ਮੀ ਪੰਜਾਬੀ 12 (ਕਹਾਣੀਆਂ)

(1) **ਸਾਂਝ** (ਸੁਜਾਨ ਸਿੰਘ)

(2) **ਨੀਲੀ** (ਕਰਤਾਰ ਸਿੰਘ ਦੁੱਗਲ)

## ਲਾਜ਼ਮੀ ਪੰਜਾਬੀ 12 (ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ)

**ਪੰਜਾਬ ਦੇ ਮੇਲੇ ਤੇ ਤਿਉਹਾਰ** (ਡਾ. ਐੱਸ.ਐੱਸ.ਵਣਜਾਰਾ ਬੇਦੀ)

**ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 12 (ਪੰਜਾਬ ਸਕੂਲ ਸਿੱਖਿਆ ਬੋਰਡ)**

**ਨੋਟ - ਲਾਜ਼ਮੀ ਪੰਜਾਬੀ 12 ਪਾਠ-ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in 'ਤੇ ਵੀ ਉਪਲਬਧ ਹੈ।**

# ਪੰਜਾਬੀ—104
## XII (ਬਾਰ੍ਹਵੀਂ)
## ਟਰਮ II ਪਰੀਖਿਆ ਲਈ ਪਾਠ-ਕ੍ਰਮ ਅਤੇ ਅੰਕ-ਵੰਡ (ਮਾਰਚ-ਅਪ੍ਰੈਲ 2022)

**ਕੁੱਲ ਅੰਕ 40**

(1) **ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 18

1. ਕਾਰ-ਵਿਹਾਰ ਦੇ ਪੱਤਰ (ਚੋਣ ਆਧਾਰਿਤ) (ਲਾਜ਼ਮੀ ਪੰਜਾਬੀ 12 ਪਾਠ-ਪੁਸਤਕ 'ਤੇ ਆਧਾਰਿਤ) 8
2. ਪੈਰਾ-ਰਚਨਾ (125 ਤੋਂ 150 ਸ਼ਬਦ) 10

   ਦਿੱਤੇ ਗਏ ਵਿਸ਼ੇ 'ਤੇ ਪੈਰਾ-ਰਚਨਾ ਕਰਨਾ *(ਚੋਣ ਆਧਾਰਿਤ)*

(2) **ਅਡਵਾਂਸ ਪੜ੍ਹਨ ਕੌਸ਼ਲ** 8

**ਸੰਖੇਪ ਰਚਨਾ**

ਦਿੱਤੇ ਗਏ ਪੈਰੇ ਨੂੰ ਸੰਖੇਪ ਕਰਕੇ ਲਿਖਣਾ ਅਤੇ ਉਸ ਦਾ ਸਿਰਲੇਖ ਵੀ ਲਿਖਣਾ (ਚੋਣ ਅਧਾਰਿਤ) (1+7)8

*(ਲਾਜ਼ਮੀ ਪੰਜਾਬੀ 12 ਪਾਠ-ਪੁਸਤਕ ਵਿੱਚ ਦਰਜ ਅਖਾਣ/ਅਖਾਉਤਾਂ 'ਤੇ ਆਧਾਰਿਤ)*

## ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ ਚੋਣ ਅਧਾਰਿਤ) 14

**I.** ਕਵਿਤਾ ਆਧਾਰਿਤ ਪ੍ਰਸ਼ਨ : ਛੋਟੇ ਉੱਤਰਾਂ ਵਾਲੇ ਪ੍ਰਸ਼ਨ 20 ਤੋਂ 25 ਸ਼ਬਦਾਂ ਵਿੱਚ (ਚੋਣ ਅਧਾਰਿਤ) (2X2)4

**II.** ਕਹਾਣੀ ਆਧਾਰਿਤ ਪ੍ਰਸ਼ਨ : ਛੋਟੇ ਉੱਤਰਾਂ ਵਾਲੇ ਪ੍ਰਸ਼ਨ 30 ਤੋਂ 35 ਸ਼ਬਦਾਂ ਵਿੱਚ (ਚੋਣ ਅਧਾਰਿਤ) (4X1)4

**III.** ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ (ਭਾਗ ਆਧਾਰਿਤ ਪ੍ਰਸ਼ਨ)

ਛੋਟੇ ਉੱਤਰਾਂ ਵਾਲੇ ਪ੍ਰਸ਼ਨ 25 ਤੋਂ 30 ਸ਼ਬਦਾਂ ਵਿੱਚ (ਚੋਣ ਅਧਾਰਿਤ) (3X2)6

### *ਨਿਰਧਾਰਤ ਪੁਸਤਕ ਅਤੇ ਚੋਣਵੇਂ ਪਾਠ*

## ਲਾਜ਼ਮੀ ਪੰਜਾਬੀ 12 (ਕਵਿਤਾਵਾਂ)

(1) ਚੁੰਮ ਚੁੰਮ ਰੱਖੋ (ਨੰਦ ਲਾਲ ਨੂਰਪੁਰੀ)

(2) ਮੇਰਾ ਬਚਪਨ (ਹਰਿਭਜਨ ਸਿੰਘ)

## ਲਾਜ਼ਮੀ ਪੰਜਾਬੀ 12 (ਕਹਾਣੀ)

**ਮਾੜਾ ਬੰਦਾ** (ਪ੍ਰੇਮ ਪ੍ਰਕਾਸ਼)

## ਲਾਜ਼ਮੀ ਪੰਜਾਬੀ 12 (ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ)

(1) **ਪੰਜਾਬ ਦੇ ਰਸਮ-ਰਿਵਾਜ** (ਗੁਲਜ਼ਾਰ ਸਿੰਘ ਸੰਧੂ)

(2) **ਪੰਜਾਬ ਦੀਆਂ ਲੋਕ-ਖੇਡਾਂ** (ਸੁਖਦੇਵ ਮਾਦਪੁਰੀ)

ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 12 (ਪੰਜਾਬ ਸਕੂਲ ਸਿੱਖਿਆ ਬੋਰਡ)

**ਨੋਟ – ਲਾਜ਼ਮੀ ਪੰਜਾਬੀ 12 ਪਾਠ-ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in 'ਤੇ ਵੀ ਉਪਲਬਧ ਹੈ।**

# ਬਾਰ੍ਹਵੀਂ ਜਮਾਤ ਦੇ ਟਰਮ II ਪਰੀਖਿਆ ਲਈ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਕੁੱਲ ਅੰਕ 40)
## (ਅਪ੍ਰੈਲ 2021 ਤੋਂ ਮਾਰਚ 2022)

| ਕ੍ਰਮ ਨੰ. | ਸਿੱਖਣ ਸਿਖਾਉਣ ਦੀ ਮੁਲਾਂਕਣ ਵਿਧੀ/ਕੌਸ਼ਲ ਪ੍ਰਸ਼ਨਾਂ ਦੀਆਂ ਕਿਸਮਾਂ | ਛੋਟੇ ਉੱਤਰ ਵਾਲ਼ੇ ਪ੍ਰਸ਼ਨ 1 ਅੰਕ | ਛੋਟੇ ਉੱਤਰ ਵਾਲ਼ੇ ਪ੍ਰਸ਼ਨ 2,3,4 ਅੰਕ | ਲੰਮੇ ਉੱਤਰ ਵਾਲ਼ੇ ਪ੍ਰਸ਼ਨ 7,8,10 ਅੰਕ | ਅੰਕ | % |
|---|---|---|---|---|---|---|
| 1. | **ਪਾਠ-ਪੁਸਤਕ ’ਤੇ ਆਧਾਰਿਤ** (ਸ਼ੁੱਧ ਲੇਖਣੀ, ਵਿਸ਼ਾ-ਵਸਤੂ, ਤਰਕਸ਼ੀਲਤਾ, ਰਚਨਾਤਮਿਕਤਾ) | | 2x2(4) (SQ) 3x2(6) (SQ) 4x1(4) | | 14 | 35% |
| 2. | **ਸਮਝ-ਸੂਝ ਆਧਾਰਿਤ** (ਸੰਖੇਪ ਰਚਨਾ ਤੇ ਸਿਰਲੇਖ) | 1x1(1) | | 7x1 (7) | 8 | 20% |
| 3. | **ਵਿਹਾਰਕ** (ਵਿਹਾਰਕ ਗਿਆਨ ਦੇ ਨਵੇਂ ਸਿਧਾਂਤ) *ਅਨੁਮਾਨਿਤ ਕਿਸਮਾਂ* | — | — | - | | |
| 4. | **ਸਿਰਜਣਾਤਮਿਕ** (ਸਥਿਤੀ ਜਾਂ ਵਿਚਾਰ ਦੀ ਪਰਖ ਲਈ ਰਚਨਾਤਮਿਕ ਮੁਲਾਂਕਣ) | — | — | 8x1 (8) 10x1 (10) (LQ) | 18 | 45% |
| | **ਕੁਲ ਅੰਕ** | 1 | 14 | 25 | 40 | 100% |

## ਬਾਰ੍ਹਵੀਂ ਜਮਾਤ ਲਈ ਆਂਤਰਿਕ ਮੁਲਾਂਕਣ ਦਾ ਢੰਗ
## Internal Evaluation Method for Class XII

### ਟਰਮ I (10 ਅੰਕ)

* ਸੁਣਨ ਅਤੇ ਬੋਲਣ ਯੋਗਤਾ ਦਾ ਮੁਲਾਂਕਣ (10 ਅੰਕ) ਇਹ ਮੁਲਾਂਕਣ ਅੰਦਰੂਨੀ ਪਰੀਖਿਅਕ ਦੁਆਰਾ ਕੀਤਾ ਜਾਵੇਗਾ, ਜੇ ਸਕੂਲ ਬੰਦ ਰਹਿੰਦੇ ਹਨ ਤਾਂ ਸੁਣਨ ਅਤੇ ਬੋਲਣ ਯੋਗਤਾ ਦਾ ਮੁਲਾਂਕਣ ਅੰਦਰੂਨੀ ਪਰੀਖਿਅਕ ਦੁਆਰਾ ਆਨਲਾਈਨ ਕੀਤਾ ਜਾਵੇਗਾ।

### ਟਰਮ II (10 ਅੰਕ)

* ਪ੍ਰੋਜੈਕਟ ਦਾ ਮੁਲਾਂਕਣ (5 ਅੰਕ), ਜ਼ਬਾਨੀ ਪਰੀਖਿਆ (5 ਅੰਕ) ਨੂੰ ਅੰਦਰੂਨੀ ਅਤੇ ਬਾਹਰੀ ਪਰੀਖਿਅਕ ਵੱਲੋਂ ਸਾਂਝੇ ਤੌਰ ’ਤੇ ਪ੍ਰੋਜੈਕਟ ਦੇ ਆਧਾਰ ’ਤੇ ਲਿਆ ਜਾਵੇਗਾ।
* ਪ੍ਰੋਜੈਕਟ – ਆਂਢ-ਗੁਆਂਢ ਦਾ ਸਰਵੇ/ਰੋਲ ਪਲੇ ਪੇਸ਼ਕਾਰੀ (ਨਿੱਜੀ/ਸਮੂਹ)/ ਕਿਸੇ ਘਟਨਾ ਦਾ ਵਿਸ਼ਲੇਸ਼ਣ/ਕੇਸ ਅਧਿਐਨ/ਇੰਟਰਵਿਊ ਆਧਾਰਿਤ ਖੋਜ/ਕਿਸੇ ਸਾਹਿਤਿਕ ਵਿਸ਼ੇ ਦੀ ਸਮੀਖਿਆ ਆਦਿ।

---

ਵਿਸ਼ੇਸ਼ ਕਥਨ - ਸੈਸ਼ਨ 2021-22 ਲਈ ਜਾਰੀ ਪੰਜਾਬੀ ਦਾ ਇਹ ਸੋਧਿਆ ਹੋਇਆ ਪਾਠ-ਕ੍ਰਮ ਸਿਰਫ਼ ਇਸ ਸੈਸ਼ਨ ਲਈ ਹੈ। ਜਿਸ ਵਿੱਚ ਟਰਮ 1 ਦੀ ਪਰੀਖਿਆ ਵਿੱਚ 40 ਅੰਕਾਂ ਦੇ ਬਹੁ-ਵਿਕਲਪੀ ਪ੍ਰਸ਼ਨ ਹੋਣਗੇ ਅਤੇ ਆਂਤਰਿਕ ਮੁਲਾਂਕਣ 10 ਅੰਕ ਦਾ ਹੋਵੇਗਾ। ਟਰਮ 2 ਦੀ ਲਿਖਤੀ ਪਰੀਖਿਆ ਵਰਨਾਤਮਿਕ ਹੋਵੇਗੀ। ਜਿਸ ਵਿੱਚ 40 ਅੰਕਾਂ ਦੇ ਵੱਖ-ਵੱਖ ਪ੍ਰਸ਼ਨ ਪੁੱਛੇ ਜਾਣਗੇ ਅਤੇ ਆਂਤਰਿਕ ਮੁਲਾਂਕਣ 10 ਅੰਕ ਦਾ ਹੋਵੇਗਾ।